ਜਾਂਚ ਕਰੋ। ਯੋਜਨਾ ਬਣਾਓ। ਕਾਰਵਾਈ ਕਰੋ।

ਪਾਵਰ ਆਊਟੇਜ ਯੋਜਨਾ:
ਬਿਜਲੀ ਗ਼ੁੱਲ ਹੋ ਜਾਣ 'ਤੇ ਸੁਰੱਖਿਅਤ ਰਹਿਣਾ

ਬਿਜਲੀ ਅਚਾਨਕ ਬੰਦ ਹੋ ਸਕਦੀ ਹੈ, ਜਿਸ ਨਾਲ ਰੋਜ਼ਮਰ੍ਹਾ ਜੀਵਨ ਵਿੱਚ ਵਿਘਨ ਪੈ ਸਕਦਾ ਹੈ। ਸੁਰੱਖਿਅਤ ਅਤੇ ਸੂਚਿਤ ਰਹਿਣ ਲਈ ਇੱਕ ਯੋਜਨਾ ਬਣਾਉਣਾ ਮਹੱਤਵਪੂਰਨ ਹੈ। ਇਹ ਯੋਜਨਾ ਛੇ ਮੁੱਖ ਭਾਗਾਂ ਨੂੰ ਕਵਰ ਕਰਦੀ ਹੈ:

1. ਲੋਕ
2. ਜ਼ਰੂਰੀ ਚੀਜ਼ਾਂ
3. ਸੰਚਾਰ
4. ਰੌਸ਼ਨੀ
5. ਸੁੱਖ-ਆਰਾਮ
6. ਆਸ-ਪਾਸ ਦਾ ਮਾਹੌਲ

ਇਸ ਯੋਜਨਾ ਨੂੰ ਕਿਵੇਂ ਪੂਰਾ ਕਰਨਾ ਹੈ:

- 6 ਖੇਤਰਾਂ ਵਿੱਚੋਂ ਹਰੇਕ ਦਾ ਇੱਕ ਟੀਚਾ ਅਤੇ ਉਸਨੂੰ ਪੂਰਾ ਕਰਨ ਲਈ ਕਦਮ ਹਨ।
- ਇਨ੍ਹਾਂ ਕਦਮਾਂ ਨੂੰ ਧਿਆਨ ਨਾਲ ਪੜ੍ਹੋ, 'ਮੇਰੀ ਯੋਜਨਾ' ਭਾਗ ਵਿੱਚ ਆਪਣੀਆਂ ਕਾਰਵਾਈਆਂ ਭਰੋ (ਜੇ ਲੋੜ ਹੋਵੇ ਤਾਂ ਆਖ਼ਰੀ ਪੰਨੇ 'ਤੇ ਨੋਟਸ ਲਿਖਣ ਲਈ ਥਾਂ ਵੀ ਹੈ), ਅਤੇ ਪੂਰੇ ਹੋਣ 'ਤੇ ਉਨ੍ਹਾਂ 'ਤੇ ਠੀਕ ਦਾ ਨਿਸ਼ਾਨ ਦਾ ਲਗਾ ਦਿਓ।

ਇੱਕ ਵਾਰ ਜਦੋਂ ਤੁਸੀਂ ਇਸ ਯੋਜਨਾ ਨੂੰ ਪੂਰਾ ਕਰ ਲੈਂਦੇ ਹੋ:

- ਇਸ ਨੂੰ ਸੇਵ ਕਰੋ ਅਤੇ ਉਹਨਾਂ ਲੋਕਾਂ ਨੂੰ ਈਮੇਲ ਕਰੋ ਜੋ ਮੱਦਦ ਕਰ ਸਕਦੇ ਹਨ।
- ਜੇਕਰ ਤੁਸੀਂ ਇਹ ਪ੍ਰਿੰਟ ਕੀਤਾ ਹੈ, ਤਾਂ ਇਸਨੂੰ ਕਿਸੇ ਸੁਰੱਖਿਅਤ ਥਾਂ 'ਤੇ ਰੱਖੋ, ਇਸ ਦੀਆਂ ਕਾਪੀਆਂ ਬਣਾਓ ਜਾਂ ਇਸ ਦੀਆਂ ਫ਼ੋਟੋਆਂ ਲੈ ਕੇ ਉਨ੍ਹਾਂ ਨਾਲ ਸਾਂਝੀਆਂ ਕਰੋ ਜੋ ਤੁਹਾਡੀ ਮੱਦਦ ਕਰ ਸਕਦੇ ਹਨ।

ਮੇਰੀ ਯੋਜਨਾ	
ਘਰ ਦਾ ਪਤਾ:	
ਘਰ ਦੇ ਮੈਂਬਰ (ਪਾਲਤੂ ਜਾਨਵਰਾਂ ਸਮੇਤ!):	
ਯੋਜਨਾ ਦੇ ਮਾਲਕ/ਮਾਲਕਾਂ ਦਾ ਨਾਮ:	
ਯੋਜਨਾ ਦੇ ਮਾਲਕ/ਮਾਲਕਾਂ ਦਾ ਫ਼ੋਨ:	**ਯੋਜਨਾ ਦੇ ਮਾਲਕ/ਮਾਲਕਾਂ ਦਾ ਈ-ਮੇਲ:**

ਮੇਰੀ ਐਮਰਜੈਂਸੀ ਸੰਪਰਕ ਸੂਚੀ			
	ਨਾਮ:	**ਫ਼ੋਨ:**	**ਈ-ਮੇਲ:**
ਡਾਕਟਰ			
ਐਮਰਜੈਂਸੀ ਡਾਕਟਰ:			
ਘਰ ਦਾ ਬੀਮਾ:			
ਵਾਹਨ ਦਾ ਬੀਮਾ:			
ਹੋਰ:			
ਹੋਰ:			
ਹੋਰ:			

ਪੁਲਿਸ, ਫਾਇਰ ਸਰਵਿਸਿਜ਼ ਅਤੇ ਐਂਬੂਲੈਂਸ ਲਈ **000** 'ਤੇ ਫ਼ੋਨ ਕਰੋ।

ਹੜ੍ਹਾਂ ਅਤੇ ਤੂਫ਼ਾਨਾਂ ਵਿੱਚ ਸਟੇਟ ਐਮਰਜੈਂਸੀ ਸੇਵਾ (SES) ਸਹਾਇਤਾ ਲਈ **132 500** 'ਤੇ ਫ਼ੋਨ ਕਰੋ।

1. ਲੋਕ



ਟੀਚਾ: ਬਿਜਲੀ ਗ਼ੁੱਲ ਹੋਣ ਦੌਰਾਨ ਆਪਣੇ ਘਰ ਅਤੇ ਭਾਈਚਾਰੇ ਨੂੰ ਸੁਰੱਖਿਅਤ ਅਤੇ ਸੂਚਿਤ ਰੱਖੋ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ			ਹੋ ਗਿਆ ✓
ਬਿਜਲੀ ਗ਼ੁੱਲ ਹੋਣ ਦੀ ਜਾਣਕਾਰੀ: ਆਪਣੇ ਊਰਜਾ ਪ੍ਰਦਾਤਾ ਦੇ ਸੰਪਰਕ ਵੇਰਵੇ ਜਾਣੋ ਅਤੇ ਅੱਪਡੇਟ ਲਈ ਸਾਈਨ ਅੱਪ ਕਰੋ। ਚੰਗਾ ਸੁਝਾਅ! ਆਪਣੇ ਊਰਜਾ ਪ੍ਰਦਾਤਾ ਨੂੰ ਲੱਭਣ ਲਈ poweroutageplan.com.au/pa/#more-information ਵੈੱਬਸਾਈਟ 'ਤੇ ਜਾਓ।	**ਇਹ ਮੇਰਾ ਊਰਜਾ ਪ੍ਰਦਾਤਾ ਹੈ:** **ਫ਼ੋਨ:** **ਵੈੱਬ:**			○
	ਮੈਂ ਤਾਜ਼ਾ ਜਾਣਕਾਰੀ/ ਖ਼ਬਰਾਂ ਲਈ ਸਾਈਨ ਅੱਪ ਕੀਤਾ ਹੈ।	ਹਾਂ ○	ਨਹੀਂ ○	
ਯੋਜਨਾ ਦਾ ਮਾਲਕ: ਪਾਵਰ ਆਊਟੇਜ ਯੋਜਨਾ ਦੀ ਨਿਗਰਾਨੀ ਕਰਨ ਲਈ ਇੱਕ ਜਾਂ ਵੱਧ ਲੋਕਾਂ ਨੂੰ ਚੁਣੋ।	**ਯੋਜਨਾ ਦੇ ਇੰਚਾਰਜ ਵਿਅਕਤੀ ਜਾਂ ਲੋਕ:**			○
ਇਸ ਬਾਰੇ ਗੱਲ ਕਰੋ: ਇਸ ਯੋਜਨਾ ਨੂੰ ਆਪਣੇ ਪਰਿਵਾਰ ਜਾਂ ਘਰ ਦੇ ਮੈਂਬਰਾਂ ਨਾਲ ਚਰਚਾ ਕਰੋ ਅਤੇ ਹਰੇਕ ਨੂੰ ਉਸਦੀ ਭੂਮਿਕਾ ਸੌਂਪੋ। **ਚੰਗਾ ਸੁਝਾਅ!** ਆਪਣੇ ਪਾਲਤੂ ਜਾਨਵਰਾਂ ਨੂੰ ਵੀ ਸ਼ਾਮਲ ਕਰੋ।	**ਜਦੋਂ ਬਿਜਲੀ ਗ਼ੁੱਲ ਹੋ ਜਾਂਦੀ ਹੈ, ਤਾਂ ਸਾਡੇ ਪਰਿਵਾਰ ਨੇ ਇਹ ਸਹਿਮਤੀ ਬਣਾਈ ਹੈ ਕਿ ਅਸੀਂ ਇਹ ਕਰਾਂਗੇ:**			○
ਲੋਕਾਂ ਦੀ ਖ਼ੈਰ-ਖ਼ਬਰ ਲੈਣੀ: ਉਨ੍ਹਾਂ ਵਿਅਕਤੀਆਂ ਦੀ ਸੂਚੀ ਬਣਾਓ (ਘਰ ਵਿੱਚ ਅਤੇ ਗੁਆਂਢ ਵਿੱਚ) ਜਿਨ੍ਹਾਂ ਨੂੰ ਮੱਦਦ ਦੀ ਲੋੜ ਹੋ ਸਕਦੀ ਹੈ ਅਤੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਕੋਲ ਰੱਖੋ।	**1. ਨਾਮ:** **ਬਿਜਲੀ ਦੇ ਗ਼ੁੱਲ ਹੋਣ 'ਤੇ ਕਿਵੇਂ ਸੰਪਰਕ ਕਰਨਾ ਹੈ:** **ਉਹਨਾਂ ਨੂੰ ਕਿਸ ਮੱਦਦ ਦੀ ਲੋੜ ਹੈ:**			○
	2. ਨਾਮ: **ਬਿਜਲੀ ਦੇ ਗ਼ੁੱਲ ਹੋਣ 'ਤੇ ਕਿਵੇਂ ਸੰਪਰਕ ਕਰਨਾ ਹੈ:** **ਉਹਨਾਂ ਨੂੰ ਕਿਸ ਮੱਦਦ ਦੀ ਲੋੜ ਹੈ:**			
	3. ਨਾਮ: **ਬਿਜਲੀ ਦੇ ਗ਼ੁੱਲ ਹੋਣ 'ਤੇ ਕਿਵੇਂ ਸੰਪਰਕ ਕਰਨਾ ਹੈ:** **ਉਹਨਾਂ ਨੂੰ ਕਿਸ ਮੱਦਦ ਦੀ ਲੋੜ ਹੈ:**			
	4. ਨਾਮ: **ਬਿਜਲੀ ਦੇ ਗ਼ੁੱਲ ਹੋਣ 'ਤੇ ਕਿਵੇਂ ਸੰਪਰਕ ਕਰਨਾ ਹੈ:** **ਉਹਨਾਂ ਨੂੰ ਕਿਸ ਮੱਦਦ ਦੀ ਲੋੜ ਹੈ:**			
ਇਕੱਲੇ ਰਹਿੰਦੇ ਹੋ: ਜੇਕਰ ਤੁਸੀਂ ਇਕੱਲੇ ਰਹਿੰਦੇ ਹੋ, ਤਾਂ ਉਹਨਾਂ ਵਿਅਕਤੀਆਂ ਦੀ ਸੂਚੀ ਬਣਾਓ ਜੋ ਤੁਹਾਡੀ ਖ਼ੈਰ-ਖ਼ਬਰ ਲੈਣਗੇ।	**1. ਨਾਮ:** **ਬਿਜਲੀ ਦੇ ਗ਼ੁੱਲ ਹੋਣ 'ਤੇ ਮੇਰੇ ਨਾਲ ਕਿਵੇਂ ਸੰਪਰਕ ਕਰਨਾ ਹੈ:**			○
	2. ਨਾਮ: **ਬਿਜਲੀ ਦੇ ਗ਼ੁੱਲ ਹੋਣ 'ਤੇ ਮੇਰੇ ਨਾਲ ਕਿਵੇਂ ਸੰਪਰਕ ਕਰਨਾ ਹੈ:**			

2. ਜ਼ਰੂਰੀ ਚੀਜ਼ਾਂ

ਟੀਚਾ: ਬਿਜਲੀ ਬੰਦ ਹੋਣ ਦੌਰਾਨ ਭੋਜਨ, ਪਾਣੀ, ਦਵਾਈਆਂ ਅਤੇ ਊਰਜਾ ਸਰੋਤਾਂ ਦੀ ਪਹੁੰਚ ਹੋਣੀ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ			ਹੋ ਗਿਆ ✓
ਭੋਜਨ ਅਤੇ ਪਾਣੀ: ਪਾਲਤੂ ਜਾਨਵਰਾਂ ਸਮੇਤ ਹਰ ਕਿਸੇ ਲਈ 3 ਤੋਂ 7 ਦਿਨਾਂ ਲਈ ਭੋਜਨ ਅਤੇ ਪੀਣ ਵਾਲਾ ਪਾਣੀ ਸਟੋਰ ਕਰੋ। **ਚੰਗਾ ਸੁਝਾਅ!** • ਆਪਣੀ ਖ਼ੁਰਾਕ ਸੰਬੰਧੀ ਵਿਸ਼ੇਸ਼ ਲੋੜਾਂ ਲਈ ਵਧੇਰੇ ਭੋਜਨ ਸਟੋਰ ਕਰਨ ਬਾਰੇ ਸੋਚੋ। • ਜੇਕਰ ਪਾਣੀ ਦੀ ਸਪਲਾਈ ਜਾਂ ਸੀਵਰੇਜ਼ ਬਿਜਲੀ 'ਤੇ ਨਿਰਭਰ ਹਨ, ਤਾਂ ਜਨਰੇਟਰ ਲੈਣ ਬਾਰੇ ਵਿਚਾਰ ਕਰੋ।	**ਮੈਂ ਇਸ ਤਰੀਕੇ ਰਾਹੀਂ ਪੀਣ ਵਾਲੇ ਪਾਣੀ ਤੱਕ ਪਹੁੰਚ ਕਰਾਂਗਾ/ਕਰਾਂਗੀ:**			○
	ਮੈਂ ਇਸ ਤਰੀਕੇ ਰਾਹੀਂ ਕੱਪੜੇ-ਧੋਣ, ਸਾਫ਼-ਸੁਥਰੇ ਹੋਣ ਅਤੇ ਖਾਣਾ ਪਕਾਉਣ ਲਈ ਪਾਣੀ ਤੱਕ ਪਹੁੰਚ ਕਰਾਂਗਾ/ਕਰਾਂਗੀ:			
	ਮੇਰੇ ਕੋਲ ਇਨ੍ਹਾਂ ਚੀਜ਼ਾਂ ਦੀ ਘੱਟੋ-ਘੱਟ 3 ਤੋਂ 7 ਦਿਨਾਂ ਦੀ ਸਪਲਾਈ ਹੈ:	**ਹਾਂ**	**ਨਹੀਂ**	
	• ਨਾ ਖ਼ਰਾਬ ਹੋਣ ਵਾਲਾ ਭੋਜਨ	○	○	
	• ਪਾਲਤੂ ਜਾਨਵਰਾਂ ਦਾ ਭੋਜਨ (ਜੇਕਰ ਲੋੜ ਹੋਵੇ)	○	○	
	ਜੇਕਰ ਮੈਂ ਬਿਜਲੀ ਵਾਲੇ ਪਾਣੀ/ਸੀਵਰੇਜ਼ ਪੰਪਾਂ 'ਤੇ ਨਿਰਭਰ ਹਾਂ, ਤਾਂ ਕੀ ਮੇਰੇ ਕੋਲ ਜਨਰੇਟਰ ਹੈ?	○	○	
ਖਾਣਾ ਪਕਾਉਣਾ: ਖਾਣਾ ਬਣਾਉਣ ਦਾ ਕੋਈ ਬੈਕਅੱਪ ਤਰੀਕਾ ਰੱਖੋ (ਜਿਵੇਂ ਕਿ ਕੈਂਪ ਸਟੋਵ ਜਾਂ ਬਾਰਬੀਕਿਊ)। **ਚੰਗਾ ਸੁਝਾਅ!** • ਗੈਸ ਕਾਫ਼ੀ ਮਾਤਰਾ ਵਿੱਚ ਰੱਖੋ। • ਬੇਬੀ ਫਾਰਮੂਲਾ ਗਰਮ ਕਰਨ ਦਾ ਸੁਰੱਖਿਅਤ ਤਰੀਕਾ ਰੱਖੋ।	**ਮੈਂ ਖਾਣਾ ਜਾਂ ਪੀਣ ਵਾਲੇ ਪਦਾਰਥ ਇਸ ਤਰ੍ਹਾਂ ਗਰਮ ਕਰਾਂਗਾ/ਕਰਾਂਗੀ:**			○
ਭੋਜਨ ਨੂੰ ਸੰਭਾਲਣਾ: ਲੰਬੇ ਸਮੇਂ ਲਈ ਬਿਜਲੀ ਬੰਦ ਹੋਣ ਦੀ ਸਥਿਤੀ ਵਿੱਚ ਆਈਸ ਪੈਕ ਨਾਲ ਐਸਕੀ ਦੀ ਵਰਤੋਂ ਕਰੋ। **ਚੰਗਾ ਸੁਝਾਅ!** • ਫਰਿੱਜ/ਫ੍ਰੀਜ਼ਰ ਦੇ ਦਰਵਾਜ਼ੇ ਬੰਦ ਰੱਖੋ।	**ਮੈਂ ਆਪਣੇ ਫਰਿੱਜ ਅਤੇ ਫ੍ਰੀਜ਼ਰ ਵਿੱਚ ਭੋਜਨ ਨੂੰ ਇਸ ਤਰ੍ਹਾਂ ਸੁਰੱਖਿਅਤ ਰੱਖਾਂਗਾ/ਰੱਖਾਂਗੀ:** www.health.vic.gov.au/food-safety/food-safety-during-power-outages 'ਤੇ ਜਾ ਕੇ ਹੋਰ ਜਾਣੋ।			○
ਸਿਹਤ: ਆਪਣੇ ਕੋਲ ਫਸਟ-ਏਡ ਕਿੱਟ ਅਤੇ 3 ਤੋਂ 7 ਦਿਨਾਂ ਦੀਆਂ ਦਵਾਈਆਂ (ਪਾਲਤੂ ਜਾਨਵਰਾਂ ਦੀਆਂ ਦਵਾਈਆਂ ਸਮੇਤ!) ਰੱਖੋ। ਜੇਕਰ ਤੁਸੀਂ ਘਰ ਵਿੱਚ ਮੈਡੀਕਲ ਉਪਕਰਨ ਵਰਤਦੇ ਹੋ, ਤਾਂ **ਲਾਈਫ਼ ਸਪੋਰਟ ਪਾਵਰ ਆਊਟੇਜ ਯੋਜਨਾ** ਬਣਾਓ, ਇਸ ਵੈੱਬਸਾਈਟ 'ਤੇ ਜਾ ਕੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ: lifesupport.poweroutageplan.com.au/pa/ **ਚੰਗਾ ਸੁਝਾਅ!** ਆਪਣੇ ਡਾਕਟਰ ਦੇ ਸੰਪਰਕ ਨੰਬਰਾਂ ਨੂੰ ਆਪਣੀ ਐਮਰਜੈਂਸੀ ਸੰਪਰਕ ਸੂਚੀ ਵਿੱਚ ਸ਼ਾਮਲ ਕਰੋ (ਪੰਨਾ 1 ਵੇਖੋ)।	**ਮੇਰੇ ਕੋਲ ਇਨ੍ਹਾਂ ਚੀਜ਼ਾਂ ਦੀ ਘੱਟੋ-ਘੱਟ 3 ਤੋਂ 7 ਦਿਨਾਂ ਦੀ ਸਪਲਾਈ ਹੈ:**	**ਹਾਂ**	**ਨਹੀਂ**	○
	• ਡਾਕਟਰ ਦੀਆਂ ਲਿਖੀਆਂ ਦਵਾਈਆਂ **ਚੰਗਾ ਸੁਝਾਅ!** ਸਟੋਰੇਜ਼ ਕਰਨ ਲਈ ਲੇਬਲ ਦੇਖੋ, ਜੇਕਰ ਦਵਾਈਆਂ ਨੂੰ ਫਰਿੱਜ ਵਿੱਚ ਰੱਖਣ ਦੀ ਲੋੜ ਹੋਵੇ ਤਾਂ ਉਹਨਾਂ ਨੂੰ ਠੰਡੀ ਥਾਂ 'ਤੇ ਰੱਖੋ।	○	○	
	• ਫਸਟ-ਏਡ ਕਿੱਟ	○	○	
	• ਹੋਰ ਸੰਭਾਵੀ ਦਵਾਈਆਂ ਜਿਵੇਂ ਕਿ ਪੈਰਾਸੀਟਾਮੋਲ ਜਾਂ ਐਂਟੀਹਿਸਟਾਮਾਈਨ	○	○	
	• ਟਾਇਲਟ ਪੇਪਰ	○	○	
	• ਹੱਥਾਂ ਲਈ ਸੈਨੀਟਾਈਜ਼ਰ	○	○	
	• ਸੈਨੇਟਰੀ ਉਤਪਾਦ	○	○	
	• ਹੋਰ (ਆਪਣੀ ਸਿਹਤ ਲਈ ਜ਼ਰੂਰੀ ਬਾਕੀ ਦੀਆਂ ਚੀਜ਼ਾਂ ਦੀ ਸੂਚੀ ਬਣਾਓ, ਜਿਵੇਂ ਕਿ: ਡਿਸਇੰਫੈਕਟੈਂਟ)	○	○	
	• ਪਾਲਤੂ ਜਾਨਵਰਾਂ ਦੀਆਂ ਦਵਾਈਆਂ (ਜੇਕਰ ਲੋੜ ਹੋਵੇ)	○	○	
ਵਾਹਨ: ਮੌਸਮ ਖ਼ਰਾਬ ਹੋਣ ਤੋਂ ਪਹਿਲਾਂ, ਆਪਣੀ ਗੱਡੀ ਵਿੱਚ ਈਂਧਨ ਭਰੋ ਜਾਂ ਆਪਣੀ ਇਲੈਕਟ੍ਰਿਕ ਕਾਰ ਨੂੰ ਚਾਰਜ ਕਰੋ। **ਚੰਗਾ ਸੁਝਾਅ!** ਇੱਕ ਬੈਕਅੱਪ ਆਵਾਜਾਈ ਦਾ ਸਾਧਨ ਰੱਖੋ।	**ਮੇਰੇ ਵਾਹਨ/ਵਾਹਨਾਂ ਵਿੱਚ ਕਾਫ਼ੀ ਮਾਤਰਾ ਵਿੱਚ ਪੈਟਰੋਲ/ਚਾਰਜ ਹੈ।**	○	○	○
	ਜੇਕਰ ਮੈਨੂੰ ਵਿਕਲਪਕ ਆਵਾਜਾਈ ਦੀ ਲੋੜ ਪਈ, ਤਾਂ ਮੈਂ ਇਹ ਕਰਾਂਗਾ/ਕਰਾਂਗੀ:			

3. ਸੰਚਾਰ



ਟੀਚਾ: ਬਿਜਲੀ ਬੰਦ ਹੋਣ ਦੌਰਾਨ ਪਰਿਵਾਰ, ਦੋਸਤਾਂ ਅਤੇ ਐਮਰਜੈਂਸੀ ਸੰਪਰਕਾਂ ਨਾਲ ਸੰਪਰਕ ਬਣਾਈ ਰੱਖੋ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ			ਹੋ ਗਿਆ ✓
ਬੈਕਅੱਪ ਪਾਵਰ: ਆਪਣੇ ਫ਼ੋਨ ਲਈ ਚਾਰਜਰ ਜਾਂ ਪਾਵਰ ਬੈਂਕ ਰੱਖੋ। **ਚੰਗਾ ਸੁਝਾਅ!** ਮੌਸਮ ਖ਼ਰਾਬ ਹੋਣ ਤੋਂ ਪਹਿਲਾਂ ਡਿਵਾਈਸਾਂ ਨੂੰ ਚਾਰਜ ਕਰੋ।	**ਮੈਂ ਇਸ ਤਰੀਕੇ ਨਾਲ ਆਪਣਾ ਫ਼ੋਨ ਚਾਰਜ ਕਰਾਂਗਾ/ਕਰਾਂਗੀ:**			○
ਬੈਟਰੀ ਨਾਲ ਚੱਲਣ ਵਾਲੇ ਰੇਡੀਓ ਨਾਲ: ਜੇਕਰ ਫ਼ੋਨ ਜਾਂ ਇੰਟਰਨੈੱਟ ਨਾ ਚੱਲਦਾ ਹੋਵੇ ਤਾਂ ਰੇਡੀਓ ਰਾਹੀਂ ਜਾਣਕਾਰੀ ਲੈਣੀ ਜਾਰੀ ਰੱਖੋ। **ਚੰਗਾ ਸੁਝਾਅ!** www.reception.abc.net.au ਤੋਂ ਆਪਣੀ ਸਥਾਨਕ ਫ੍ਰਿਕਵੈਂਸੀ ਲੱਭੋ ਅਤੇ ਇਸਨੂੰ ਲਿਖ ਕੇ ਰੱਖੋ।		ਹਾਂ	ਨਹੀਂ	○
	ਮੇਰੇ ਕੋਲ ਬੈਟਰੀ ਨਾਲ ਚੱਲਣ ਵਾਲਾ ਰੇਡੀਓ ਜਾਂ ਹੈਂਡ-ਕ੍ਰੈਂਕ ਰੇਡੀਓ ਹੈ	○	○	
ਘਰ ਦੇ ਮੈਂਬਰਾਂ ਨਾਲ ਸੰਚਾਰ: ਇਹ ਯੋਜਨਾ ਬਣਾਓ ਕਿ ਬਿਜਲੀ ਬੰਦ ਹੋਣ ਦੇ ਦੌਰਾਨ ਸੰਪਰਕ ਵਿੱਚ ਕਿਵੇਂ ਰਹਿਣਾ ਹੈ ਅਤੇ ਕੀ ਕਰਨਾ ਹੈ। **ਚੰਗਾ ਸੁਝਾਅ!** • ਇਸ ਗੱਲ ਦੀ ਵੀ ਵਿਚਾਰ ਕਰੋ ਜੇਕਰ ਉਸ ਸਮੇਂ ਲੋਕ ਸਕੂਲ, ਕੰਮ ਆਦਿ ਲਈ ਘਰ ਤੋਂ ਬਾਹਰ ਹੁੰਦੇ ਹਨ ਤਾਂ ਕਿ ਕਰਨਾ ਹੈ। • ਜੇਕਰ ਤੁਹਾਡਾ NBN ਜਾਂ ਫ਼ੋਨ ਕੰਮ ਨਾ ਕਰੇ, ਤਾਂ ਐਮਰਜੈਂਸੀ ਵਿੱਚ ਸੰਪਰਕ ਕਰਨ ਦੇ ਤਰੀਕਿਆਂ ਬਾਰੇ ਸੋਚੋ।	**ਨਾਮ:** **ਮੈਂ ਸਹਿਮਤ ਹਾਂ:** **ਨਾਮ:** **ਮੈਂ ਸਹਿਮਤ ਹਾਂ:** **ਨਾਮ:** **ਮੈਂ ਸਹਿਮਤ ਹਾਂ:** **ਨਾਮ:** **ਮੈਂ ਸਹਿਮਤ ਹਾਂ:**			○
ਕਮਿਊਨਿਟੀ ਸੰਚਾਰ: ਸੰਪਰਕ ਵੇਰਵੇ ਸਾਂਝੇ ਕਰੋ ਅਤੇ ਬਿਜਲੀ ਬੰਦ ਹੋਣ ਦੇ ਦੌਰਾਨ ਇਕ ਦੂਜੇ ਦੀ ਖ਼ੈਰ-ਖ਼ਬਰ ਲੈਂਦੇ ਰਹੋ। **ਚੰਗਾ ਸੁਝਾਅ!** • ਸਥਾਨਕ ਸਹਾਇਤਾ ਗਰੁੱਪਾਂ ਵਿੱਚ ਸ਼ਾਮਲ ਹੋਵੋ। • ਆਪਣੀ ਯੋਜਨਾ ਉਨ੍ਹਾਂ ਵਿਅਕਤੀਆਂ ਨਾਲ ਸਾਂਝੀ ਕਰੋ ਜੋ ਤੁਹਾਡੀ ਮੱਦਦ ਕਰ ਸਕਦੇ ਹਨ।	**ਮੈਂ ਆਪਣੇ ਸਥਾਨਕ ਖੇਤਰ ਵਿੱਚ ਇਸ ਵਿਅਕਤੀ/ਗਰੁੱਪ ਨਾਲ ਸੰਪਰਕ ਕਰਾਂਗਾ/ਕਰਾਂਗੀ:** **ਨਾਮ:** **ਬਿਜਲੀ ਨਾ ਹੋਣ ਦੀ ਸਥਿਤੀ ਵਿੱਚ ਉਨ੍ਹਾਂ ਨਾਲ ਕਿਵੇਂ ਸੰਪਰਕ ਕਰਨਾ ਹੈ:** **ਜੇਕਰ ਇੰਟਰਨੈੱਟ ਜਾਂ ਫ਼ੋਨ ਕੰਮ ਕਰਨਾ ਬੰਦ ਕਰ ਦੇਣ, ਤਾਂ ਮੈਨੂੰ ਇਸ ਤਰੀਕੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ:** **ਮੈਂ ਇਹ ਜਾਣਕਾਰੀ ਇਨ੍ਹਾਂ ਨਾਲ ਸਾਂਝੀ ਕੀਤੀ ਹੈ:**			○
ਖੇਤਰ ਤੋਂ ਬਾਹਰ ਸੰਚਾਰ: ਇੱਕ ਖੇਤਰ ਤੋਂ ਬਾਹਰ ਦੇ ਵਿਅਕਤੀ ਨੂੰ ਸੰਪਰਕ ਵਿਅਕਤੀ ਵਜੋਂ ਚੁਣੋ ਅਤੇ ਆਪਣੇ ਘਰ ਦੇ ਮੈਂਬਰਾਂ ਨੂੰ ਇਸ ਬਾਰੇ ਦੱਸੋ।	**ਜੇਕਰ ਇੰਟਰਨੈੱਟ ਜਾਂ ਫ਼ੋਨ ਕੰਮ ਨਾ ਕਰੇ, ਤਾਂ ਮੇਰੇ ਸਥਾਨਕ ਖੇਤਰ ਤੋਂ ਬਾਹਰ ਵਾਲਾ ਵਿਅਕਤੀ ਜਿਸਨੂੰ ਐਮਰਜੈਂਸੀ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ, ਉਹ ਹੈ:** **ਨਾਮ:** **ਮੈਂ ਉਨ੍ਹਾਂ ਨਾਲ ਸੰਪਰਕ ਇਸ ਤਰੀਕੇ ਨਾਲ ਕਰਾਂਗਾ/ਕਰਾਂਗੀ:** **ਪਰਿਵਾਰ/ਅਜ਼ੀਜ਼ ਉਨ੍ਹਾਂ ਨਾਲ ਇਸ ਤਰੀਕੇ ਨਾਲ ਸੰਪਰਕ ਕਰ ਸਕਦੇ ਹਨ:** **ਉਹ ਮੇਰੇ ਘਰ ਨਾਲ ਇਸ ਤਰੀਕੇ ਨਾਲ ਸੰਪਰਕ ਕਰਨਗੇ:**			○

4. ਰੌਸ਼ਨੀ



ਟੀਚਾ: ਜਦੋਂ ਬਿਜਲੀ ਚਲੀ ਜਾਵੇ ਤਾਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਰੌਸ਼ਨੀ ਤੱਕ ਪਹੁੰਚ ਬਣਾਈ ਰੱਖੋ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ			ਹੋ ਗਿਆ ✓
ਟਾਰਚ ਅਤੇ ਲਾਲਟੈਣਾਂ: ਲਾਈਟਾਂ ਨੂੰ ਆਸਾਨੀ ਨਾਲ ਲੱਭਣ ਵਾਲੀਆਂ ਥਾਵਾਂ 'ਤੇ ਰੱਖੋ। **ਚੰਗਾ ਸੁਝਾਅ!** ਮੋਮਬੱਤੀਆਂ ਅੱਗ ਲੱਗਣ ਦਾ ਖ਼ਤਰਾ ਬਣ ਸਕਦੀਆਂ ਹਨ		ਹਾਂ	ਨਹੀਂ	○
	ਮੇਰੇ ਕੋਲ ਲਾਈਟਾਂ ਹਨ ਜੋ ਮੈਂ ਵਰਤ ਸਕਦਾ ਹਾਂ	○	○	
ਲਾਈਟਾਂ ਚਾਲੂ ਰੱਖੋ: ਬੱਲਬਾਂ, ਫਲੈਸ਼ਲਾਈਟਾਂ ਅਤੇ ਡਿਵਾਈਸਾਂ ਲਈ LED ਲਾਲਟੈਣਾਂ ਅਤੇ ਵਾਧੂ ਬੈਟਰੀਆਂ ਦੀ ਵਰਤੋਂ ਕਰੋ।	**ਮੇਰੇ ਕੋਲ ਬੈਟਰੀ ਨਾਲ ਚੱਲਣ ਵਾਲੇ LED ਲਾਈਟਾਂ ਹਨ**	○	○	○
	ਮੇਰੇ ਕੋਲ ਵਾਧੂ ਬੈਟਰੀਆਂ ਹਨ	○	○	
ਬੈਕਅੱਪ ਲਾਈਟਾਂ: ਬੈਕਅੱਪ ਲਾਈਟਾਂ ਨੂੰ ਆਸਾਨੀ ਨਾਲ ਪਹੁੰਚਣ ਵਾਲੀਆਂ ਥਾਵਾਂ 'ਤੇ ਰੱਖੋ।	**ਮੇਰੇ ਘਰ ਵਿੱਚ ਇਨ੍ਹਾਂ ਹਿੱਸਿਆਂ ਵਿੱਚ ਬੈਕਅੱਪ ਲਾਈਟਾਂ ਹਨ:**	○	○	○
	• ਬੈੱਡਰੂਮ	○	○	
	• ਲਿਵਿੰਗ ਰੂਮ	○	○	
	• ਰਸੋਈ	○	○	
	• ਹੋਰ (ਜਿਵੇਂ ਬਾਥਰੂਮ, ਸ਼ੈੱਡ, ਫਿਊਜ਼ ਬਾਕਸ)	○	○	

5. ਸੁੱਖ-ਆਰਾਮ

ਟੀਚਾ: ਘਰ ਦਾ ਮਾਹੌਲ ਬਿਜਲੀ ਬੰਦ ਹੋਣ ਦੌਰਾਨ ਗਰਮੀ ਜਾਂ ਠੰਡ ਦਾ ਸਾਹਮਣਾ ਕਰਨ ਲਈ ਸ਼ਾਂਤ ਅਤੇ ਆਰਾਮਦਾਇਕ ਰਹਿੰਦਾ ਹੈ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ		ਹੋ ਗਿਆ ✓
ਤਾਪਮਾਨ: ਮੌਸਮ ਦੇ ਅਨੁਸਾਰ ਬਿਜਲੀ ਬੰਦ ਹੋਣ ਦੌਰਾਨ ਆਪਣੇ ਆਪ ਨੂੰ ਨਿੱਘਾ ਜਾਂ ਠੰਢਾ ਰੱਖੋ। **ਚੰਗਾ ਸੁਝਾਅ!** ਹੀਟਵੇਵ ਦੌਰਾਨ ਏਅਰ ਕੰਡੀਸ਼ਨਿੰਗ ਅਤੇ ਪਾਣੀ ਵਾਲੇ ਠੰਡੇ ਸੈਂਟਰ ਖੁੱਲ੍ਹੇ ਹੋਣਗੇ। ਵੇਰਵਿਆਂ ਲਈ ਆਪਣੀ ਸਥਾਨਕ ਕੌਂਸਲ ਦੀ ਵੈੱਬਸਾਈਟ 'ਤੇ ਜਾਓ।	**ਗਰਮ ਰਹਿਣ ਲਈ:** • ਕੱਪੜੇ ਪਰਤਾਂ ਵਿੱਚ ਪਹਿਨੋ • ਕੰਬਲ ਜਾਂ ਸਲੀਪਿੰਗ ਬੈਗ ਦੀ ਵਰਤੋਂ ਕਰੋ • ਪਰਦੇ ਬੰਦ ਰੱਖੋ • ਤੌਲੀਏ ਜਾਂ ਕੱਪੜੇ ਨਾਲ ਦਰਾੜਾਂ/ਗੈਪ ਨੂੰ ਸੀਲ ਕਰੋ • ਗਰਮ ਪਾਣੀ ਦੀਆਂ ਬੋਤਲਾਂ ਦੀ ਵਰਤੋਂ ਕਰੋ • ਇੱਕ ਕਮਰੇ ਵਿੱਚ ਰਹੋ ਅਤੇ ਗਰਮੀ ਨੂੰ ਸੰਭਾਲ ਕੇ ਰੱਖੋ • ਨਿੱਘ ਵਧਾਉਣ ਲਈ ਆਲੇ-ਦੁਆਲੇ ਤੁਰਦੇ-ਫਿਰਦੇ ਰਹੋ • ਟੋਪੀ ਪਹਿਨੋ ਅਤੇ ਸਿਰ ਢੱਕ ਕੇ ਰੱਖੋ	**ਠੰਡਾ ਰਹਿਣ ਲਈ:** • ਹਲਕੇ ਕੱਪੜੇ ਪਹਿਨੋ • ਬੈਟਰੀ ਨਾਲ ਚੱਲਣ ਵਾਲੇ / USB ਨਾਲ ਚਾਰਜ ਹੋਣ ਵਾਲੇ/ ਹੱਥ ਨਾਲ ਫੜ੍ਹੇ ਜਾਣ ਵਾਲੇ ਪੱਖੇ ਦੀ ਵਰਤੋਂ ਕਰੋ • ਪਰਦੇ ਬੰਦ ਕਰੋ ਅਤੇ ਧੁੱਪ ਨੂੰ ਅੰਦਰ ਆਉਣ ਤੋਂ ਰੋਕੋ • ਖ਼ੂਬ ਸਾਰਾ ਪਾਣੀ ਪੀਓ • ਠੰਡੀ ਗਿੱਲੀ ਪੱਟੀ ਨਬਜ਼ ਵਾਲੇ ਸਥਾਨਾਂ 'ਤੇ ਲਗਾਓ • ਘਰ ਦੇ ਸਭ ਤੋਂ ਠੰਢੇ ਹਿੱਸੇ ਵਿੱਚ ਰਹੋ • ਆਈਸ ਪੈਕ ਦੀ ਵਰਤੋਂ ਕਰੋ • ਸਰੀਰਕ ਗਤੀਵਿਧੀਆਂ ਤੋਂ ਪਰਹੇਜ਼ ਕਰੋ • ਠੰਢੇ ਸ਼ਾਵਰ ਲਵੋ	○
ਮੁਸ਼ਕਲ ਹਾਲਾਤ ਨਾਲ ਨਜਿੱਠਣ ਦੀਆਂ ਰਣਨੀਤੀਆਂ: ਤਣਾਅਪੂਰਨ ਸਥਿਤੀਆਂ ਵਿੱਚ ਸ਼ਾਂਤ ਰਹਿਣ ਦੇ ਤਰੀਕਿਆਂ 'ਤੇ ਵਿਚਾਰ ਕਰੋ। **ਚੰਗਾ ਸੁਝਾਅ!** ਬੱਚਿਆਂ ਅਤੇ ਪਾਲਤੂ ਜਾਨਵਰਾਂ 'ਤੇ ਵੀ ਗੌਰ ਕਰੋ।	**ਸ਼ਾਂਤ ਰਹਿਣ ਲਈ:** • ਆਰਾਮਦਾਇਕ ਸੰਗੀਤ ਸੁਣੋ • ਕੋਈ ਕਿਤਾਬ, ਜਾਂ ਮੈਗਜ਼ੀਨ ਪੜ੍ਹੋ • ਹੋਰਾਂ ਨਾਲ ਮਿਲ ਕੇ ਬੋਰਡ ਗੇਮਾਂ ਖੇਡੋ • ਆਪਣੇ ਵਿਚਾਰ ਅਤੇ ਜਾਣਕਾਰੀ ਲਿਖੋ • ਚੁੱਪ ਬੈਠ ਕੇ ਡੂੰਘੇ ਸਾਹ ਲੈਣ ਦਾ ਅਭਿਆਸ ਕਰੋ • ਆਂਢੀਆਂ-ਗੁਆਂਢੀਆਂ ਨਾਲ ਮਿਲੋ-ਜੁਲੋ	○
	ਜੇਕਰ ਸੁਰੱਖਿਅਤ ਹੋਵੇ, ਤਾਂ ਬਾਹਰ ਜਾਓ: ਸਮੁੰਦਰ/ਪੂਲ/ਨਦੀ, ਪਾਰਕ, ਸਮੁੰਦਰ/ਦੌੜਨ/ਸੈਰ ਕਰਨ ਲਈ ਜਾਓ। **ਬੱਚਿਆਂ ਲਈ:** ਖੇਡਾਂ, ਰੰਗ ਭਰਨਾ, ਕਹਾਣੀਆਂ ਸੁਣਾਉਣਾ। **ਮਾਨਸਿਕ ਸਿਹਤ ਸਹਾਇਤਾ:** ਮੁਫ਼ਤ, ਗੁਪਤ ਸਹਾਇਤਾ ਲਈ ਬਿਓਂਡ ਬਲੂ ਨਾਲ **1300 224 636** 'ਤੇ ਸੰਪਰਕ ਕਰੋ।		

6. ਆਸ-ਪਾਸ ਦਾ ਮਾਹੌਲ

ਟੀਚਾ: ਬਿਜਲੀ ਬੰਦ ਹੋਣ ਦੇ ਦੌਰਾਨ ਆਪਣੇ ਘਰ ਦੀ ਸੁਰੱਖਿਆ ਅਤੇ ਕਾਰਜਕੁਸ਼ਲਤਾ ਬਣਾਈ ਰੱਖੋ।

ਤੁਸੀਂ ਕੀ ਕਰ ਸਕਦੇ ਹੋ?	ਮੇਰੀ ਯੋਜਨਾ			ਹੋ ਗਿਆ ✓
ਮੈਨੁਅਲ ਓਵਰਰਾਈਡ (ਬਿਜਲੀ ਵਾਲਾ ਕੰਮ ਹੱਥੀਂ ਕਰਨਾ): ਬਿਜਲੀ ਤੋਂ ਬਿਨਾਂ ਦਰਵਾਜ਼ੇ ਅਤੇ ਗੇਟ ਖੋਲ੍ਹਣ/ਬੰਦ ਕਰਨ ਦਾ ਤਰੀਕਾ ਜਾਣੋ।	**ਮੈਨੂੰ ਇਹ ਹੱਥੀਂ (ਮੈਨੁਅਲ ਤਰੀਕੇ ਨਾਲ) ਚਲਾਉਣਾ ਆਉਂਦਾ ਹੈ**			○
	ਮੇਰੇ ਗੈਰੇਜ ਦਾ ਦਰਵਾਜ਼ਾ ਇਸ ਤਰੀਕੇ ਨਾਲ ਖੁੱਲ੍ਹਦਾ ਹੈ: **ਮੇਰਾ ਇਲੈਕਟ੍ਰਿਕ ਗੇਟ ਇਸ ਤਰੀਕੇ ਨਾਲ ਖੁੱਲ੍ਹਦਾ ਹੈ:** **ਹੋਰ ਚੀਜ਼ਾਂ, ਇਸ ਤਰੀਕੇ ਨਾਲ:**			
ਉਪਕਰਨ ਬੰਦ ਕਰੋ: ਪਾਵਰ ਪੁਆਇੰਟ ਤੋਂ ਸਵਿੱਚ ਬੰਦ ਕਰੋ ਅਤੇ ਵੱਧ ਬਿਜਲੀ ਆਉਣ ਸੰਬੰਧੀ ਸੁਰੱਖਿਆ (ਸਰਜ ਪ੍ਰੋਟੈਕਸ਼ਨ) ਦੀ ਵਰਤੋਂ ਕਰੋ। **ਚੰਗਾ ਸੁਝਾਅ!** ਮੁੱਖ ਉਪਕਰਨਾਂ ਲਈ ਬੈਕਅੱਪ ਪਾਵਰ ਹੋਣ ਬਾਰੇ ਵਿਚਾਰ ਕਰੋ।		**ਹਾਂ**	**ਨਹੀਂ**	○
	ਮੈਂ ਉਪਕਰਨਾਂ ਨੂੰ ਬੰਦ ਕਰ ਦਿਆਂਗਾ/ਦਿਆਂਗੀ	○	○	
	ਮੇਰੇ ਕੋਲ ਵੱਧ ਬਿਜਲੀ ਆਉਣ ਸੰਬੰਧੀ ਸੁਰੱਖਿਆ (ਸਰਜ ਪ੍ਰੋਟੈਕਸ਼ਨ) ਹੈ	○	○	
	ਮੇਰੇ ਕੋਲ ਮਹੱਤਵਪੂਰਨ ਉਪਕਰਨਾਂ ਲਈ ਬੈਕਅੱਪ ਪਾਵਰ ਹੈ **ਚੰਗਾ ਸੁਝਾਅ!** ਹੇਠਾਂ ਇਨ੍ਹਾਂ ਉਪਕਰਨਾਂ ਦੇ ਨਾਮ ਲਿਖੋ:	○	○	
ਸੁਰੱਖਿਅਤ ਪਗਡੰਡੀਆਂ: ਘੱਟ ਰੌਸ਼ਨੀ ਵਿੱਚ ਸੁਰੱਖਿਅਤ ਤੁਰਨ-ਫਿਰਨ ਲਈ ਪਗਡੰਡੀਆਂ ਨੂੰ ਸਾਫ਼-ਸੁਥਰਾ ਰੱਖੋ।	**ਮੈਂ ਘਰ ਦੇ <u>ਅੰਦਰਲੀਆਂ</u> ਪਗਡੰਡੀਆਂ ਨੂੰ ਸਾਫ਼-ਸੁਥਰਾ ਕੀਤਾ ਹੈ**	○	○	○
	ਮੈਂ ਘਰ ਦੇ <u>ਬਾਹਰਲੀਆਂ</u> ਪਗਡੰਡੀਆਂ ਨੂੰ ਸਾਫ਼-ਸੁਥਰਾ ਕੀਤਾ ਹੈ	○	○	
ਸੁਰੱਖਿਆ ਸਾਵਧਾਨੀਆਂ: ਖੁੱਲ੍ਹੀਆਂ ਪਈਆਂ ਚੀਜ਼ਾਂ ਅਤੇ ਬਾਹਰੀ ਢਾਂਚਿਆਂ ਨੂੰ ਬੰਨ੍ਹ ਕੇ ਸੁਰੱਖਿਅਤ ਕਰੋ। **ਚੰਗਾ ਸੁਝਾਅ!** ਨੁਕਸਾਨ ਪਹੁੰਚੀਆਂ ਬਿਜਲੀ ਦੀਆਂ ਤਾਰਾਂ ਜਾਂ ਸਬ-ਸਟੇਸ਼ਨਾਂ ਦੇ ਨੇੜੇ ਨਾ ਜਾਓ।	**ਘਰ ਨੂੰ ਹੋਰ ਸੁਰੱਖਿਅਤ ਬਣਾਈ ਰੱਖਣ ਲਈ, ਸਾਡੇ ਪਰਿਵਾਰ ਨੇ ਇਸ ਲਈ ਸਹਿਮਤੀ ਬਣਾਈ ਹੈ:** **ਚੰਗਾ ਸੁਝਾਅ!** ਤੁਸੀਂ ਹੇਠਾਂ ਹਰੇਕ ਵਿਅਕਤੀ ਲਈ ਖ਼ਾਸ ਕੰਮ/ਜ਼ਿੰਮੇਵਾਰੀਆਂ ਦਰਜ ਕਰ ਸਕਦੇ ਹੋ:			○
ਨਿਕਾਸੀ (ਘਰ ਖ਼ਾਲੀ ਕਰਨਾ): ਜੇਕਰ ਤੁਹਾਨੂੰ ਘਰ ਖ਼ਾਲੀ ਕਰਨਾ ਪਵੇ, ਤਾਂ ਆਪਣੇ ਕਦਮਾਂ ਅਤੇ ਲਾਜ਼ਮੀ ਚੀਜ਼ਾਂ ਲਈ ਪਹਿਲਾਂ ਤੋਂ ਤਿਆਰੀ ਰੱਖੋ। **ਚੰਗਾ ਸੁਝਾਅ!** ਦਸਤਾਵੇਜ਼ਾਂ ਨੂੰ ਵਾਟਰਪ੍ਰੂਫ ਡੱਬੇ ਵਿੱਚ ਸੰਭਾਲ ਕੇ ਰੱਖੋ।	**ਜੇਕਰ ਮੈਨੂੰ ਘਰ ਖ਼ਾਲੀ ਕਰਨਾ ਪਵੇਗਾ, ਤਾਂ ਮੈਂ ਇੱਥੇ ਜਾਵਾਂਗਾ/ਜਾਵਾਂਗੀ:**			○
	ਉੱਥੇ ਜਾਣ ਲਈ ਮੈਂ ਇਹ ਤਰੀਕਾ ਅਪਣਾਵਾਂਗਾ/ਅਪਣਾਵਾਂਗੀ:			
		ਹਾਂ	**ਨਹੀਂ**	
	ਜੇਕਰ ਮੈਨੂੰ ਘਰ ਖ਼ਾਲੀ ਕਰਨ ਦੀ ਲੋੜ ਹੈ ਤਾਂ ਮੈਂ ਆਪਣੀਆਂ ਜ਼ਰੂਰੀ ਵਸਤੂਆਂ ਇੱਕ ਥੈਲੇ ਵਿੱਚ ਤਿਆਰ ਰੱਖੀਆਂ ਹਨ (ਜਿਸ ਵਿੱਚ ਫਸਟ-ਏਡ ਕਿੱਟ, ਪਛਾਣ ਪੱਤਰ, ਮੈਡੀਕਲ ਦਸਤਾਵੇਜ਼, ਨਕਦ ਰਕਮ, ਟਾਰਚ ਸ਼ਾਮਲ ਹਨ)	○	○	
	ਇਹ ਸਭ ਆਖ਼ਰੀ ਵਾਰੀ ਮੈਂ ਕਦੋਂ ਵੇਖਿਆ ਸੀ:			
	ਮੈਂ (ਅਤੇ ਮੇਰੇ ਪਰਿਵਾਰ ਨੇ) ਆਖ਼ਰੀ ਵਾਰੀ ਇਹ ਅਭਿਆਸ ਕਦੋਂ ਕੀਤਾ ਸੀ:			
ਤੁਹਾਡੀ ਯੋਜਨਾ: ਟਾਰਚ ਦੇ ਨੇੜੇ ਆਪਣੀ ਯੋਜਨਾ ਅਤੇ ਸੰਪਰਕਾਂ ਦੀ ਇੱਕ ਕਾਪੀ ਰੱਖੋ।	**ਮੈਂ ਆਪਣੀ ਯੋਜਨਾ ਅਤੇ ਐਮਰਜੈਂਸੀ ਸੰਪਰਕਾਂ ਦੀ ਇੱਕ ਕਾਪੀ ਟਾਰਚ ਦੇ ਨਾਲ ਇੱਥੇ ਰੱਖੀ ਹੋਈ ਹੈ:**			○

ਨੋਟਸ